# ਅੰਕ-ਵੰਡ ਦੀ ਰੂਪ-ਰੇਖਾ

# BLUE PRINT

## (ਜਮਾਤ ਨੌਵੀਂ)

***Summative Assessment- II***

(ਦੂਜੀ ਛਿਮਾਹੀ)

*ਵਿਸ਼ਾ—ਪੰਜਾਬੀ* *ਕੁੱਲ ਅੰਕ—90*

| | | ਗਿਆਨ | | | ਸਰਬੰਗੀ ਗਿਆਨ | | | ਪ੍ਰਗਟਾ | | | ਕੁਲ ਅੰਕ | |
|---|---|---|---|---|---|---|---|---|---|---|---|---|
| | | ਛੋਟੇ ਪ੍ਰਸ਼ਨ | ਦਰਮਿਆਨੇ ਪ੍ਰਸ਼ਨ | ਵੱਡੇ ਪ੍ਰਸ਼ਨ | ਛੋਟੇ ਪ੍ਰਸ਼ਨ | ਦਰਮਿਆਨੇ ਪ੍ਰਸ਼ਨ | ਵੱਡੇ ਪ੍ਰਸ਼ਨ | ਛੋਟੇ ਪ੍ਰਸ਼ਨ | ਦਰਮਿਆਨੇ ਪ੍ਰਸ਼ਨ | ਵੱਡੇ ਪ੍ਰਸ਼ਨ | | |
| ਭਾਸ਼ਾ | ਗਿਆਨ ਤੇ ਵਿਚਾਰ (ਪੜ੍ਹਨ ਕੌਸ਼ਲ) ਬਹੁਵਿਕਲਪੀ ਪ੍ਰਸ਼ਨ | 10(10) | — | — | — | — | — | — | — | — | 10 | 45 |
| | ਵਿਆਕਰਨ ਬਹੁਵਿਕਲਪੀ ਪ੍ਰਸ਼ਨ | — | — | — | 4(4) | — | — | — | — | — | 20 | |
| | | — | — | — | 4(4) | — | — | — | — | — | | |
| | | — | — | — | 4(4) | — | — | — | — | — | | |
| | | — | — | — | 4(4) | — | — | — | — | — | | |
| | | — | — | — | 4(4) | — | — | — | — | — | | |
| | ਪ੍ਰਭਾਵਸ਼ਾਲੀ | — | — | — | — | — | — | — | — | 10(1) | 15 | |
| | ਲਿਖਣ ਕੌਸ਼ਲ | — | — | — | — | — | — | — | — | 5(1 | | |
| ਸਾਹਿਤ | ਕਹਾਣੀ | — | — | — | — | — | — | — | — | — | 10 | 45 |
| | ਇਕਾਂਗੀ | — | — | — | — | — | — | — | 10(5) | 5(1) | 5 | |
| | ਜੀਵਨੀ | — | — | — | — | — | — | — | 10(5) | — | 10 | |
| | ਕਵਿਤਾ | 5(5) | — | — | — | — | — | — | — | 5(1) | 10 | |
| | ਵਾਰਤਕ | — | — | — | — | — | — | — | 10(5) | 5(1) | 10 | |
| | ਕੁੱਲ ਜੋੜ | 15(15) | — | — | 20(20) | — | — | — | 30(15) | 25(5) | **90** | |

*ਬਰੈਕਟ ਵਿੱਚ ਪ੍ਰਸ਼ਨਾਂ ਦੀ ਗਿਣਤੀ ਦਿੱਤੀ ਗਈ ਹੈ।*

*ਬਰੈਕਟ ਦੇ ਬਾਹਰ ਅੰਕ ਦਿੱਤੇ ਗਏ ਹਨ।*

*ਨੋਟ — 90 ਅੰਕਾਂ ਨੂੰ 30 ਅੰਕਾਂ ਵਿੱਚ ਤਬਦੀਲ ਕੀਤਾ ਜਾਵੇਗਾ।*

*Summative Assessment-II*

# ਸਮੁੱਚੇ ਸਲੇਬਸ ਦੇ ਆਧਾਰ ਤੇ
# Coverage of Syllabus

**ਕੋਡ ਨੰਬਰ 104**

## ਰਚਨਾਤਮਕ (Composition)

| | |
|---|---|
| ਗਿਆਨ ਤੇ ਵਿਚਾਰ | 10 |
| ਪੱਤਰ | 05 |
| ਲਿਖਣ ਯੋਗਤਾ | 10 |

## ਵਿਆਕਰਨ (Grammer)

ਸ਼ਬਦ ਰਚਨਾ (ਬਹੁਆਰਥਕ)

ਸ਼ਬਦ ਸ਼੍ਰੇਣੀਆਂ (ਕਿਰਿਆ, ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ)

ਵਚਨ, ਕਾਲ, ਅਖਾਣ — 20

## ਪਾਠ ਪੁਸਤਕ (Text books)

1. **ਸਾਹਿਤ ਦੀਪਿਕਾ—1**

***ਕਾਵਿ-ਰਚਨਾਵਾਂ***

**ਕਵੀ ਸਾਹਿਬਾਨ—** (ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਬਾਵਾ ਬਲਵੰਤ, ਤਾਰਾ ਸਿੰਘ, ਤਰਲੋਕ ਸਿੰਘ ਕੰਵਰ)

***ਵਾਰਤਕ***

**ਵਾਰਤਕਕਾਰ—**(ਬਲਵੰਤ ਗਾਰਗੀ, ਗੁਰਬਚਨ ਸਿੰਘ ਭੁੱਲਰ, ਸਰਵਣ ਸਿੰਘ, ਨਰਿੰਦਰ ਸਿੰਘ ਕਪੂਰ)

2. **ਸਾਹਿਤਕ ਵੰਨਗੀਆਂ—1**

***ਨਿੱਕੀਆਂ ਕਹਾਣੀਆਂ***

ਗੁਲਬਾਨੋ, ਘੋਟਨਾ

***ਇਕਾਂਗੀ***

ਮੁਰਦੇ ਦਾ ਰਾਸ਼ਨ

**ਜੀਵਨੀ**

ਵਰਧਮਾਨ ਮਹਾਂਵੀਰ

ਕਹਾਣੀ, ਇਕਾਂਗੀ, ਜੀਵਨੀ, ਕਵਿਤਾ, ਵਾਰਤਕ

(ਇੱਕ ਵਾਕ ਵਾਲੇ)

(40–50 ਸ਼ਬਦ ਵਾਲੇ)

(100–125 ਸ਼ਬਦ ਵਾਲੇ) — 45

**ਕੁਲ 90**

***Summative Assessment-II***

# ਨਮੂਨੇ ਦਾ ਪ੍ਰਸ਼ਨ ਪੱਤਰ

## ਪੰਜਾਬੀ

## ਜਮਾਤ ਨੌਵੀਂ (ਦੂਜੀ ਛਿਮਾਹੀ)

* *Please check that this question paper contains **8** printed pages.*
* *Please check that this question paper contains **12** questions*
* ਬਹੁ ਵਿਕਲਪੀ ਪ੍ਰਸ਼ਨਾਂ ਵਿੱਚੋਂ **ਸਹੀ ਵਿਕਲਪ** ਚੁਣ ਕੇ **ਉੱਤਰ ਪੁਸਤਿਕਾ ਵਿੱਚ** ਲਿਖੋ।
* ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

*Time allowed : 2-1/2 hours* | *Maximum Marks : 90*

*ਸਮਾਂ ੨-੧/੨ ਘੰਟੇ* | *ਅੰਕ 90*

### (ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ) **2x5=10**

ਮਨੁੱਖੀ ਸਰੀਰ ਲਈ ਦੋ ਕਸਰਤਾਂ ਸੰਪੂਰਣ ਮੰਨੀਆਂ ਜਾਂਦੀਆਂ ਹਨ, ਇਕ ਦੌੜਨਾ ਤੇ ਦੂਜਾ ਤੈਰਾਕੀ। ਇਹ ਦੋਵੇਂ ਕਸਰਤਾਂ ਅਜਿਹੀਆਂ ਹਨ ਜਿਨ੍ਹਾਂ ਨਾਲ ਮਨੁੱਖੀ ਸਰੀਰ ਦੇ ਹਰ ਅੰਗ ਦੀ ਵਰਜਿਸ਼ ਹੋ ਜਾਂਦੀ ਹੈ। ਪਰ ਸਾਰੇ ਲੋਕ ਤੇ ਤੈਰਾਕੀ ਨਹੀਂ ਜਾਣਦੇ ਤੇ ਨਾ ਹੀ ਸਾਰੇ ਭੱਜ ਸਕਦੇ ਹਨ। ਤਾਂ ਤੀਜੇ ਨੰਬਰ ਤੇ ਪੈਦਲ ਚੱਲਣ ਵੀ ਇਕ ਅਜਿਹੀ ਕਸਰਤ ਹੈ ਜਿਸਦੀ ਸਰੀਰ ਨੂੰ ਤੈਰਨ ਤੇ ਭੱਜਣ ਜਿੰਨਾਂ ਫਾਇਦਾ ਪਹੁੰਚ ਜਾਂਦਾ ਹੈ। ਪੈਦਲ ਚੱਲਣਾ ਮਨੁੱਖ ਲਈ ਬੜਾ ਜ਼ਰੂਰੀ ਹੈ, ਇਸ ਨਾਲ ਵੀ ਮਨੁੱਖ ਦੇ ਹਰ ਅੰਗ ਦੀ ਕਸਰਤ ਹੋ ਜਾਂਦੀ ਹੈ। ਖਾਣਾ ਖਾਣ ਪਿੱਛੋਂ ਪੈਦਲ ਚੱਲਣ ਨਾਲ ਇਖ ਤੇ ਖਾਣਾ ਹਜ਼ਮ ਹੁੰਦਾ ਹੈ ਤੇ ਦੂਜਾ ਸਰੀਰ ਦੀ ਕਸਰਤ ਹੋ ਜਾਂਦੀ ਹੈ। ਪੈਦਲ ਚੱਲਣ ਵਾਲੇ ਨੂੰ ਮੁਟਾਪਾ, ਦਿਲ ਦੀਆਂ ਬਿਮਾਰੀਆਂ ਤੇ ਉੱਚ ਰਕਤਚਾਪ ਤੋਂ ਛੁਟਕਾਰਾ ਮਿਲਦਾ ਹੈ। ਪੈਦਲ ਚੱਲਣ ਨਾਲ ਗੋਡਿਆਂ ਦੇ ਜੋੜ ਵੀ ਅਖੀਰ ਤੱਕ ਕੰਮ ਕਰਦੇ ਰਹਿੰਦੇ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਰੋਜ਼ ਸਵੇਰੇ-ਸ਼ਾਮ ਪੈਦਲ ਚੱਲੀਏ, ਇਸ ਵਿੱਚ ਸਾਡੀ ਤੰਦਰੁਸਤੀ ਤੇ ਸਿਹਤ ਦਾ ਰਾਜ ਛਿਪਿਆ ਹੈ।

*(1) ਮਨੁੱਖ ਲਈ ਕੀ ਕਰਨਾ ਬਹੁਤ ਜ਼ਰੂਰੀ ਹੈ?*

(ੳ) ਭੱਜਣਾ (ਅ) ਤੈਰਨਾ

(ੲ) ਸਾਈਕਲ ਚਲਾਉਣਾ (ਸ) ਪੈਦਲ ਚਲਣਾ

*(2) ਮਨੁੱਖੀ ਸਰੀਰ ਲਈ ਕਿੰਨੀਆਂ ਕਸਰਤਾਂ ਸੰਪੂਰਨ ਮੰਨੀਆਂ ਜਾਂਦੀਆਂ ਹਨ?*

(ੳ) ਚਾਰ (ਅ) ਤਿੰਨ

(ੲ) ਦੋ (ਸ) ਇੱਕ

*(3) ਕੀ ਕਰਨ ਨਾਲ ਗੋਡਿਆਂ ਦੇ ਜੋੜ ਆਖਰੀ ਸਮੇਂ ਤੱਕ ਕੰਮ ਕਰਦੇ ਰਹਿੰਦੇ ਹਨ?*

(ੳ) ਪੈਦਲ ਚੱਲਣ ਨਾਲ (ਅ) ਭੱਜਣ ਨਾਲ

(ੲ) ਖੇਡਣ ਨਾਲ (ਸ) ਵੱਧ ਖਾਣ ਨਾਲ

*(4) ਰੋਜ਼ ਸਵੇਰੇ ਪੈਦਲ ਚੱਲਣ ਵਿੱਚ ਕਿਹੜਾ ਰਾਜ ਛਿਪਿਆ ਹੈ?*

(ੳ) ਸੈਰ ਕਰਨ ਦਾ (ਅ) ਤੰਦਰੁਸਤੀ ਦਾ

(ੲ) ਪੇਟ ਠੀਕ ਰਹਿਣ ਦਾ (ਸ) ਮੁਟਾਪੇ ਦਾ

*(5) ਦੌੜਨ ਅਤੇ ਤੈਰਨ ਨਾਲ ਮਨੁੱਖੀ ਸਰੀਰ ਦੇ ਅੰਗ ਉੱਤੇ ਕੀ ਅਸਰ ਹੁੰਦਾ ਹੈ?*

(ੳ) ਥੱਕ ਜਾਂਦੇ ਹਨ (ਅ) ਥੋੜੇ ਦਿਨ ਪਹਿਲਾਂ ਦੀ

(ੲ) ਨਿੱਸਲ ਹੋ ਜਾਂਦੇ ਹਨ (ਸ) ਕਸਰਤ ਹੁੰਦੀ ਹੈ

2. ਸਮਾਂ ਇੱਕ ਮਹਾਨ ਖਜ਼ਾਨਾ ਹੈ। ਅਮਰੀਕਾ ਤੇ ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡੱਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖਾਨਿਆਂ ਵਿੱਚ ਤਾਂ ਸਾਲ ਅੰਦਰ ਮਸਾਂ ਚਾਰ ਛੁੱਟੀਆਂ ਹੁੰਦੀਆਂ ਹਨ। ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿਨੇ ਥੋੜੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫਿਰ ਸਵੇਰੇ ਸ਼ਾਮ ਮੰਦਰਾਂ, ਗੁਰਦਵਾਰਿਆਂ ਵਿੱਚ ਭੀੜ, ਸਾਧੂ ਸੰਤਾਂ ਦੀ ਨਿੱਤ-ਫੇਰੀ, ਮਰਨੇ-ਜੰਮਣੇ ਤੇ ਵਿਆਹ। ਕਿਸੇ ਹੋਰ ਦੇਸ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡ ਸਪੀਕਰਾਂ ਉੱਤੇ ਧਰਮ ਨਹੀਂ ਵਹਿਮ-ਭਰਮ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਕੰਮ 'ਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡੱਟ ਕੇ ਕੰਮ ਕੀਤਾ ਜਾਂਦਾ ਹੈ। ਇੱਕ ਘੰਟਾ ਵਿਚਕਾਰ ਖਾਣਾ ਖਾਂਦੇ ਹਨ ਅਤੇ ਪੰਜ ਵਜੇ ਤੀਕ ਅਣਥੱਕ ਮਿਹਨਤ ਹੁੰਦੀ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾ ਵਧੇਰੇ ਹੁੰਦੀ ਹੈ।

*(1) ਹੱਥਲੇ ਪੈਰੇ ਵਿੱਚ ਕਿਹੜੇ ਮੁਲਕਾਂ ਦੀ ਗੱਲ ਕੀਤੀ ਗਈ ਹੈ?*

(ੳ) ਇੰਗਲੈਂਡ ਤੇ ਅਮਰੀਕਾ (ਅ) ਭਾਰਤ ਤੇ ਜਪਾਨ

(ੲ) ਅਮਰੀਕਾ ਤੇ ਜਪਾਨ (ਸ) ਇੰਗਲੈਂਡ ਤੇ ਚੀਨ

*(2) ਉਪਰੋਕਤ ਬਾਹਰਲੇ ਦੇਸਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਸਾਲ ਵਿੱਚ ਕਿੰਨੀਆਂ ਛੁੱਟੀਆਂ ਮਿਲਦੀਆਂ ਹਨ?*

(ੳ) ਮਹੀਨੇ ਦੀਆਂ (ਅ) ਹਫ਼ਤੇ ਦੀਆਂ

(ੲ) ਚਾਰ (ਸ) ਅੱਠ

*(3) ਲਾਊਡ ਸਪੀਕਰਾਂ ਉੱਤੇ ਕਿਸ ਚੀਜ਼ ਦਾ ਪ੍ਰਚਾਰ ਕੀਤਾ ਜਾਂਦਾ ਹੈ?*

(ੳ) ਰੀਤੀ ਰਿਵਾਜਾਂ ਦਾ (ਅ) ਧਰਮ ਦਾ

(ੲ) ਫਿਲਮਾਂ ਦਾ (ਸ) ਵਹਿਮਾਂ-ਭਰਮਾਂ ਦਾ

*(4) ਉਪਰੋਕਤ ਪੈਰੇ ਵਿੱਚ ਕਿਸ ਮਹਾਨ ਖਜਾਨੇ ਦੀ ਗੱਲ ਹੋਈ ਹੈ?*

(ੳ) ਕੁਬੇਰ (ਅ) ਸਮਾਂ

(ੲ) ਰਿਸ਼ਤਿਆਂ (ਸ) ਧਰਮ

*(5) ਕਾਮੇ ਕਿੰਨੇ ਵਜੇ ਕੰਮ ਤੇ ਪੁਜ ਜਾਂਦੇ ਹਨ?*

(ੳ) ਦੱਸ ਵਜੇ (ਅ) ਛੇ ਵਜੇ

(ੲ) ਸੱਤ ਵਜੇ (ਸ) ਅੱਠ ਵਜੇ

## (ਅ) ਵਿਆਕਰਨ 5x4=20

*1. (i) 'ਹਾਰ' ਸ਼ਬਦ ਦਾ ਇੱਕ ਅਰਥ ਹੈ 'ਹਾਰਨਾ' ਇਸ ਦਾ ਇੱਕ ਹੋਰ ਅਰਥ ਕਿਹੜਾ ਹੈ? ਸਹੀ ਵਿਕਲਪ ਚੁਣੋ—*

(ੳ) ਹਰਿਆਲੀ (ਅ) ਬਹਾਰ

(ੲ) ਹਰਾ (ਸ) ਗੱਲ 'ਚ ਪਾਉਣ ਵਾਲਾ ਹਾਰ

*(ii) ਹੇਠ ਲਿਖੇ ਵਾਕ ਦੀ ਖਾਲੀ ਥਾਂ ਵਿੱਚ 'ਸਾਰ' ਸ਼ਬਦ ਦਾ ਬਹੁਆਰਥਕ ਭਰਨ ਲਈ ਸਹੀ ਵਿਕਲਪ ਚੁਣੋ—*

*ਉਹ ਮੈਨੂੰ ਦੇਖਦਿਆਂ ਸਾਰ ਹੀ ਛੁਪ ਗਿਆ ਕਿਉਂਕਿ ਉਸ ਨੂੰ ਡਰ ਸੀ ਕਿ ਮੈਂ ਉਸ ਨੂੰ ਪਾਠ ਦਾ...............*

(ੳ) ਪੂਰਾ ਕਰਨਾ (ਅ) ਹਾਲ-ਚਾਲ ਪੁੱਛਣਾ

(ੲ) ਵਕਤ ਟਪਾਉਣਾ (ਸ) ਸੰਖੇਪ ਕਰਨਾ

*(iii) ਬਹੁ ਆਰਥਕ ਸ਼ਬਦਾਂ ਦੇ ਅਰਥ ਲਈ ਸਹੀ ਵਿਕਲਪ ਚੁਣੋ—*

(ੳ) ਬਹੁਤੇ ਸ਼ਬਦਾਂ ਦੇ ਬਹੁਤੇ ਅਰਥ (ਅ) ਬਹੁਤੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ

(ੲ) ਇੱਕ ਸ਼ਬਦ ਦੇ ਬਹੁਤੇ ਅਰਥ (ਸ) ਉਪਰੋਕਤ ਕੋਈ ਵੀ ਨਹੀਂ

*(iv) 'ਉਤਰ' ਸ਼ਬਦ ਦੇ ਅਰਥਾਂ ਦੇ ਹੇਠ ਲਿਖੇ ਵਿਕਲਪਾਂ ਵਿੱਚੋਂ ਗਲਤ ਅਰਥ ਵਾਲੇ ਵਿਕਲਪ ਦੀ ਚੋਣ ਕਰੋ—*

(ੳ) ਸਵਾਲ ਦਾ ਜਵਾਬ (ਅ) ਪਾਣੀ ਦਾ ਘਟਣਾ

(ੲ) ਚਿਹਰਾ ਫੱਕ ਹੋ ਜਾਣਾ (ਸ) ਪੌੜੀਆਂ ਉਤਰਨਾ

*2. (i) ਹੇਠ ਲਿਖੇ ਵਿਕਲਪਾਂ ਵਿੱਚੋਂ ਅਕਮਰਕ ਕਿਰਿਆ ਦਾ ਸਹੀ ਵਿਕਲਪ ਚੁਣੋ—*

(ੳ) ਸ਼ਾਲੂ ਚਿੱਠੀ ਲਿਖਦੀ ਹੈ। (ਅ) ਕੁਲਦੀਪ ਪੜ੍ਹਦਾ ਹੈ।

(ੲ) ਰਿੰਕੂ ਪੈੱਨ ਨਾਲ ਲਿਖਦਾ ਹੈ। (ਸ) ਅਮਿਤ ਪੈਂਟ ਅਤੇ ਕਮੀਜ਼ ਲਿਆਇਆ।

*(ii) ਹੇਠ ਲਿਖੇ ਵਾਕ ਵਿਚਲੇ ਸੰਬੰਧਕ ਲਈ ਸਹੀ ਵਿਕਲਪ ਚੁਣੋ—*

*ਵਿਦਿਆ ਤੋਂ ਬਿਨਾਂ ਮਨੁੱਖ ਪਸ਼ੂਆਂ ਵਰਗਾ ਹੈ।*

(ੳ) ਵਿਦਿਆ (ਅ) ਮਨੁੱਖ

(ੲ) ਤੋਂ ਬਿਨਾਂ (ਸ) ਪਸ਼ੂਆਂ ਵਰਗਾ

*(iii) ਹੇਠ ਲਿਖੇ ਵਾਕ ਲਈ ਢੁਕਵਾਂ ਯੋਜਕ ਚੁਣੋ—*

*ਮੈਂ ਸਕੂਲ ਨਹੀਂ ਜਾ ਸਕਦੀ................ਮੇਰੀ ਸਿਹਤ ਠੀਕ ਨਹੀਂ ਸੀ।*

(ੳ) ਇਸ ਲਈ (ਅ) ਤਾਂ ਹੀ

(ੲ) ਕਿਉਂਕਿ (ਸ) ਸਗੋਂ

*(iv) ਸੰਬੋਧਨੀ ਵਿਸਮਿਕ ਦਾ ਸਹੀ ਵਿਕਲਪ ਚੁਣੋ—*

(ੳ) ਵੇਖੀਂ! (ਅ) ਓਹੋ!

(ੲ) ਸ਼ਾਬਾਸ਼! (ਸ) ਓਏ!

*3. (i) 'ਪੁਸਤਕ' ਸ਼ਬਦ ਦੇ ਬਹੁਵਚਨ ਦੇ ਇੱਕ ਵਚਨ ਦਾ ਸਹੀ ਰੂਪ ਚੁਣੋ—*

(ੳ) ਪੁਸਤਕੇ | (ਅ) ਪੁਸਤਕਾਂ

(ੲ) ਪੁਸਤਕੋਂ | (ਸ) ਪੁਸਤਕਾ

*(ii) 'ਸੰਦੂਕੜੀਆਂ' ਸ਼ਬਦ ਦੇ ਇੱਕ ਵਚਨ ਦਾ ਸਹੀ ਰੂਪ ਚੁਣੋ—*

(ੳ) ਸੰਦੂਕੀ | (ਅ) ਸੰਦੂਕਣੀ

(ੲ) ਸੰਦੂਕੜੀ | (ਸ) ਸੰਦੂਕਾਂ

*(iii) ਹੇਠ ਲਿਖੇ ਵਾਕ ਵਿਚਲੇ ਲਕੀਰੇ ਸ਼ਬਦ ਦਾ ਸ਼ੁੱਧ ਬਹੁਵਚਨ ਰੂਪ ਚੁਣੋ—*

*ਮਠਿਆਈ ਉੱਤੇ ਮੱਖੀ ਬੈਠੀ ਹੈ।*

(ੳ) ਮੱਖੀਏ | (ਅ) ਮਖੀਰ

(ੲ) ਮਾਖੀਆਂ | (ਸ) ਮੱਖੀਆਂ

*(iv) ਹੇਠ ਲਿਖੇ ਵਾਕ ਵਿਚਲੇ ਲਕੀਰੇ ਸ਼ਬਦ ਦਾ ਬਹੁਵਚਨ ਚੁਣੋ—*

*ਰਮਨ ਨੇ ਚਾਕੂ ਨਾਲ ਸੇਬ ਕੱਟਿਆ।*

(ੳ) ਚਾਕੂਆਂ | (ਅ) ਚਾਕੂਓ

(ੲ) ਚਾਕੂ | (ਸ) ਚਕਆਂ

*4. (i) ਕਿਸੇ ਵੀ ਭਾਸ਼ਾ ਵਿੱਚ ਸਮੇਂ ਨੂੰ ਕਿਸ ਅਨੁਸਾਰ ਵੰਡਿਆ ਜਾਂਦਾ ਹੈ—*

(ੳ) ਵਾਚ | (ਅ) ਕਾਲ

(ੲ) ਵਚਨ | (ਸ) ਲਿੰਗ

*(ii) 'ਉਹ ਸਕੂਲ ਜਾ ਰਿਹਾ ਹੈ।' ਵਾਕ ਦਾ ਭਵਿੱਖਤ ਕਾਲ ਰੂਪ ਚੁਣੋ—*

(ੳ) ਉਹ ਸਕੂਲ ਗਿਆ ਹੋਇਆ ਹੈ। | (ਅ) ਉਹ ਸਕੂਲ ਗਿਆ ਸੀ।

(ੲ) ਉਹ ਸਕੂਲ ਜਾਵੇਗਾ। | (ਸ) ਉਹ ਸਕੂਲ ਜਾਂਦਾ ਹੈ।

*(iii) ਕਾਲ ਦਾ ਸੰਬੰਧ ਕਿਸ ਦੇ ਰੂਪ ਨਾਲ ਹੁੰਦਾ ਹੈ—*

(ੳ) ਨਾਂਵ | (ਅ) ਪੜਨਾਂਵ

(ੲ) ਕਿਰਿਆ | (ਸ) ਵਿਸ਼ੇਸ਼ਣ

*(iv) 'ਅਮਨ ਵਿਦੇਸ਼ ਗਿਆ ਹੈ।' ਇਸ ਵਾਕ ਵਿਚਲਾ ਕਾਲ ਹੈ—*

(ੳ) ਵਰਤਮਾਨ ਕਾਲ | (ਅ) ਭਵਿੱਖਤ ਕਾਲ

(ੲ) ਭੂਤਕਾਲ | (ਸ) ਕੋਈ ਨਹੀਂ

*5. (i) ਅਖਾਣ ਪੂਰਾ ਕਰੋ—*

*ਉਹ ਕਿਹੜੀ ਗਲੀ............*

(ੳ) ਜਿੱਥੇ ਭਾਬੀ ਨਹੀਂ ਖਲੀ | (ਅ) ਜਿਥੇ ਭੈਣ ਨਹੀਂ ਖਲੀ

(ੲ) ਜਿਥੇ ਭਾਗੋ ਨਹੀਂ ਖਲੀ | (ਸ) ਇਥੇ ਭਾਘੋ ਨਹੀਂ ਖਲੀ

*(ii) ਚੀਜ਼ ਥੋੜੀ ਹੋਵੇ ਲੈਣ ਵਾਲੇ ਬਹੁਤ ਤਾਂ ਕਿਹੜਾ ਅਖਾਣ ਵਰਤਿਆ ਜਾਂਦਾ ਹੈ—*

(ੳ) ਇੱਕ ਚੀਜ਼ ਮੰਗਤੇ ਬਹੁਤ (ਅ) ਹੱਥੋਂ ਛੱਡੋ ਨਾ ਖਾ ਬੱਚਾ ਬਹੁਤੇਰੀਆਂ

(ੲ) ਇੱਕ ਚੁੱਪ ਸੋ ਸੁੱਖ (ਸ) ਇੱਕ ਅਨਾਰ ਸੌ ਬਿਮਾਰ

*(iii) 'ਉਲਟੀ ਵਾੜ ਖੇਤ ਨੂੰ ਖਾਏ' ਅਖਾਣ ਦਾ ਅਰਥ ਹੈ—*

(ੳ) ਜਾਨ ਹੈ ਤਾਂ ਜਹਾਨ ਹੈ (ਅ) ਮਿਹਨਤ ਕਰਨ ਨਾਲ ਨੁਕਸਾਨ ਹੁੰਦਾ ਹੈ

(ੲ) ਰਖਵਾਲਾ ਹੀ ਨੁਕਸਾਨ ਕਰੇ (ਸ) ਰਖਵਾਲਾ ਹੀ ਰਖਵਾਲੀ ਨਾ ਕਰੇ।

*(iv) 'ਨਾਲੇ ਪੁੰਨ ਨਾਲੇ ਫਲੀਆਂ' ਅਖਾਣ ਦਾ ਅਰਥ ਹੈ—*

(ੳ) ਬਾਹਰੋਂ ਸਾਧੂ ਅੰਦਰੋਂ ਝਗੜਾਲੂ (ਅ) ਗਲਤੀ ਕਰਕੇ ਵੀ ਨਾ ਮੰਨਣਾ

(ੲ) ਜਦੋਂ ਕੋਈ ਬੁੱਧੀ ਸਿਆਣੀ ਗੱਲ ਕਰੇ (ਸ) ਇੱਕ ਕੰਮ ਦੇ ਇੱਕ ਤੋਂ ਜ਼ਿਆਦਾ ਫਾਇਦੇ

## (ੲ) ਪਾਠ ਪੁਸਤਕਾਂ ਤੇ ਆਧਾਰਿਤ—

***ਛੋਟੇ ਉੱਤਰ ਵਾਲੇ ਪ੍ਰਸ਼ਨ—***

***1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ—*** **10x2=20**

*(ੳ) ਵਰਧਮਾਨ ਮਹਾਂਵੀਰ ਨੂੰ 'ਵੀਰ' ਕਿਉਂ ਕਿਹਾ ਜਾਣ ਲੱਗ ਪਿਆ?*

*(ਅ) ਵਰਧਮਾਨ ਮਹਾਂਵੀਰ ਨੇ ਆਪਣਾ ਪਹਿਲਾ ਉਪਦੇਸ਼ ਕਿੱਥੇ ਦਿੱਤਾ ਅਤੇ ਉਸ ਦਾ ਕੀ ਪ੍ਰਭਾਵ ਪਿਆ?*

*(ੲ) ਵਰਧਮਾਨ ਦੇ ਬਾਲ-ਮਨ ਨੂੰ ਸਮਾਜ ਵਿੱਚ ਪ੍ਰਚਲਿਤ ਕਿਹੜੀਆਂ ਕਿਹੜੀਆਂ ਗੱਲਾਂ ਬੁਰੀਆਂ ਲੱਗੀਆਂ?*

*(ਸ) ਆਪਣੇ ਸਾਢੇ ਬਾਰਾਂ ਸਾਲਾਂ ਦੀ ਘੋਰ ਤਪੱਸਿਆ ਸਮੇਂ ਵਰਧਮਾਨ ਮਹਾਂਵੀਰ ਨੂੰ ਕੀ ਕੀ ਕਸ਼ਟ ਸਹਿਣੇ ਪਏ?*

*(ਹ) ਤੀਰਥੰਕਰ ਕਿਸ ਨੂੰ ਕਹਿੰਦੇ ਹਨ? ਵਰਧਮਾਨ ਮਹਾਂਵੀਰ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਿਸ ਭਾਸ਼ਾ ਵਿੱਚ ਕੀਤਾ ਅਤੇ ਕਿਉਂ?*

*(ਕ) ਨਿਊਯਾਰਕ ਦੀ ਔਰਤ ਨਾਲੋਂ ਪਿੰਡ ਦੀ ਸੁਆਣੀ ਕਿਵੇਂ ਵੱਧ ਸਿਆਣੀ ਹੈ?*

*(ਖ) ਲੇਖਕ ਨਿੰਮ ਦੀਆਂ ਡੰਡੀਆਂ ਦੇ ਰੁੱਗ ਦੀ ਇੱਛਾ ਕਿਉਂ ਕਰਦਾ ਹੈ?*

*(ਗ) 'ਹਰਕਤ ਵਿੱਚ ਜ਼ਿੰਦਗੀ ਹੈ' ਚਰਚਾ ਕਰੋ।*

*(ਘ) ਆਤਮ ਵਿਸ਼ਵਾਸ ਅਤੇ ਘੁਮੰਡ ਵਿੱਚ ਕੀ ਫਰਕ ਹੈ?*

*(ਙ) ਸੰਸਾਰ ਦੇ ਲੋਕਾਂ ਨੂੰ ਈਮਾਨਦਾਰ ਕਿਵੇਂ ਬਣਾਇਆ ਜਾ ਸਕਦਾ ਹੈ?*

***2. ਲੰਮੇ ਉੱਤਰ ਵਾਲੇ ਪ੍ਰਸ਼ਨ*** **5+5=10**

***ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ—***

*1. 'ਅੱਜ ਮਰ ਗਿਆ ਏ ਕੋਈ?' ਇਸ ਵਾਕ ਵਿੱਚੋਂ ਉਪਜਦੇ ਵਿਅੰਗ ਬਾਰੇ ਵਿਸਤਾਰ-ਸਹਿਤ ਲਿਖ।*

***ਜਾਂ***

*ਕਿਸੇ ਇੱਕ ਦਾ ਪਾਤਰ ਚਿਤਰਣ ਕਰੋ—*

*ਦਿਓਕੀ, ਨਰਾਇਨ ਦਾਸ, ਰਾਜ*

*2. 'ਇਲਮ ਤੇ ਅਮਲ' ਕਵਿਤਾ ਦੇ ਕਵੀ ਦਾ ਨਾਂ ਦੱਸਦੇ ਹੋਏ ਕਵਿਤਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।*

***ਜਾਂ***

*'ਨਵੀਨ ਆਸ ਕਵਿਤਾ ਦੇ ਕਵੀ ਦਾ ਨਾਂ ਦੱਸਦੇ ਹੋਏ ਕਵਿਤਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।*

3. ਛੋਟੇ ਉੱਤਰ ਵਾਲੇ ਪ੍ਰਸ਼ਨ

(1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਲਿਖੋ— **5x1=5**

(ੳ) 'ਲੋਰੀ' ਕਵਿਤਾ ਕਿਸ ਦੀ ਰਚਨਾ ਹੈ?

(ਅ) 'ਚਿੜੀਆਂ ਦਾ ਚੰਬਾ' ਤੋਂ ਕੀ ਭਾਵ ਹੈ?

(ੲ) ਕਵੀ 'ਵੀਣੀ' ਨੂੰ ਭੈਣ ਲਈ ਕੀ ਕਰਨ ਲਈ ਕਹਿੰਦਾ ਹੈ?

(ਸ) ਪ੍ਰੋ. ਮੋਹਨ ਸਿੰਘ ਦੀ ਕਿਹੜੀ ਕਵਿਤਾ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਹੈ?

(ਹ) ਧਨੀ ਰਾਮ ਚਾਤ੍ਰਿਕ ਨੂੰ ਪੰਜਾਬੀ ਬੋਲੀ ਕਿਹੋ ਜਿਹੀ ਪ੍ਰਤੀਤ ਹੁੰਦੀ ਹੈ?

(2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ— **5x2=10**

(ੳ) ਕੀ ਖੁਸ਼ਦਿਲ ਖਾਨ ਦਾ ਗੁੱਸਾ ਕਰਨਾ ਅਤੇ ਗੁਲਬਾਨੋ ਨੂੰ ਮਾਰ ਦੇਣਾ ਉਚਿਤ ਸੀ?

(ਅ) ਇਸ ਕਹਾਣੀ ਵਿੱਚ ਇੱਕ ਥਾਂ ਗੁਲਬਾਨੋ ਨੂੰ 'ਪਿੰਜਰੇ ਪਈ ਕੂੰਜ' ਆਖਿਆ ਗਿਆ ਹੈ। ਇਹ ਗੱਲ ਗੁਲਬਾਨੋ ਉੱਤੇ ਕਿਵੇਂ ਢੁਕਦੀ ਹੈ?

(ੲ) ਪਿੰਡ ਵਿੱਚ ਕਿਸ਼ਨਾ ਤਰਖਾਣ ਸੰਤੁਸ਼ਟ ਕਿਉਂ ਸੀ ਅਤੇ ਸ਼ਹਿਰ ਆ ਕੇ ਉਦਾਸ ਕਿਉਂ ਰਹਿਣ ਲੱਗ ਪਿਆ ਸੀ?

(ਸ) ਕੰਮ ਅਤੇ ਮਿਹਨਤ ਬਾਰੇ ਕਿਸ਼ਨੇ ਦੀ ਕੀ ਵਿਚਾਰ ਸਨ?

(ਹ) ਕਿਸ਼ਨੇ ਨੇ ਆਪਣੇ ਜੁਆਈ ਦਾ ਦਿਲ ਕਿਵੇਂ ਜਿੱਤ ਲਿਆ ਸੀ? ਉਸਦਾ ਜੁਆਈ ਉਸ਼ਨੂੰ ਕਿਹੜੀ ਚੀਜ਼ ਦੇਣ ਤੋਂ ਅਸਮਰਥ ਸੀ?

## (ਸ) ਲਿਖਤੀ **10+5=15**

(1) **ਹੇਠ ਲਿਖੇ ਵਿਸ਼ਿਆਂ ਵਿਚੋਂ ਨੁਕਤਿਆਂ ਦੇ ਆਧਾਰ ਤੇ 200-250 ਸ਼ਬਦਾਂ ਦਾ ਲੇਖ ਲਿਖੋ—**

**'ਭਾਰਤ ਵਿੱਚ ਗਰੀਬੀ'**

**ਨੁਕਤੇ—**

* ਕਾਰਨ
* ਬਹੁਤੀ ਜਨਸੰਖਿਆ
* ਸਿੱਖਿਆ ਦੀ ਕਮੀ
* ਸ੍ਵੈ-ਰੋਜ਼ਗਾਰ ਦੇ ਮੌਕਿਆਂ ਦੀ ਘਾਟ
* ਸਰਕਾਰ ਦੀ ਜਿੰਮੇਵਾਰੀ

ਜਾਂ

**'ਗੁਰੂ ਨਾਨਕ ਦੇਵ ਜੀ'**

**ਨੁਕਤੇ—**

* ਸਿੱਖ ਧਰਮ ਦੇ ਮੋਢੀ
* ਜਨਮ ਅਤੇ ਮਾਤਾ-ਪਿਤਾ
* ਅਗਿਆਨਤਾ ਦਾ ਹਨੇਰਾ
* ਵਿਦਿਆ, ਵਿਆਹ
* ਵੇਈ ਪ੍ਰਵੇਸ਼, ਚਾਰ ਉਦਾਸੀਆਂ
* ਬਾਣੀ ਰਚਨਾ
* ਅੰਤਮ ਸਮਾਂ

*2.* ***ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਕੋਈ ਇੱਕ ਪੱਤਰ ਲਿਖੋ—***

*ਪੁਲਿਸ ਕਮਿਸ਼ਨਰ ਨੂੰ ਆਪਣੇ ਮੁਹੱਲੇ ਵਿੱਚ ਪੁਲਿਸ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਜ਼ਿਕਰ ਕਰਦੇ ਹੋਏ ਬਿਨੈ ਪੱਤਰ ਲਿਖੋ।*

**ਨੁਕਤੇ—**

* *ਲੋਕਾਂ ਨੂੰ ਗਲਤ ਕੰਮਾਂ ਦ ਗਵਾਹੀ ਦੇਣ ਲਈ ਮਜ਼ਬੂਰ ਕਰਨਾ*
* *ਅੱਤਿਆਚਾਰ ਦਿਨੋਂ-ਦਿਨ ਵੱਧਦਾ ਹੀ ਜਾ ਰਿਹਾ ਹੈ*
* *ਲੋਕਾਂ ਵੱਲੋਂ ਰਿਪੋਰਟ ਕੀਤੀ ਗਈ*
* *ਕੋਈ ਕਾਰਵਾਈ ਨਹੀਂ ਕੀਤੀ ਗਈ*
* *ਲੋੜੀਂਦੇ ਕਦਮ ਚੁੱਕਣ ਦੀ ਕਿਰਪਾਲਤਾ*

***ਜਾਂ***

*ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਵੱਡੀ ਭੈਣ ਦੇ ਵਿਆਹ ਲਈ ਇੱਕ ਹਫ਼ਤੇ ਦੀਆਂ ਛੁੱਟੀਆਂ ਵਾਸਤੇ ਬੇਨਤੀ-ਪੱਤਰ ਲਿਖੋ।*

**ਨੁਕਤੇ—**

* *ਭੈਣ ਦਾ ਵਿਆਹ*
* *ਵਿਆਹ ਪ੍ਰਬੰਧ ਲਈ ਮਾਤਾ-ਪਿਤਾ ਦੀ ਮਦਦ*
* *ਵਿਆਹ ਵਿੱਚ ਥੋੜ੍ਹਾ ਸਮਾਂ ਰਹਿ ਗਿਆ*
* *ਮਿਤੀ........ਤੋਂ..............ਤੱਕ ਦੀ ਛੁੱਟੀਆਂ*
* *ਆਪ ਜੀ ਦਾ ਆਗਿਆਕਾਰੀ ਵਿਦਿਆਰਥੀ*

# ਉੱਤਰ-ਪੱਤਰ
## (ANSWER KEY)

### (ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ)

1. (1) ਸ
   (2) ੲ
   (3) ੳ
   (4) ਅ
   (5) ਸ

2. (1) ੲ
   (2) ੲ
   (3) ਸ
   (4) ਅ
   (5) ਸ

### (ਅ) ਵਿਆਕਰਨ

1. (*i*) ਸ
   (*ii*) ਸ
   (*iii*) ੲ
   (*iv*) ੳ

2. (*i*) ਅ
   (*ii*) ੲ
   (*iii*) ੲ
   (*iv*) ਸ

3. (*i*) ਅ
   (*ii*) ੲ
   (*iii*) ਸ
   (*iv*) ਸ

4. (*i*) ਅ
   (*ii*) ੲ
   (*iii*) ੲ
   (*iv*) ੲ

5. (*i*) ੲ
   (*ii*) ਸ
   (*iii*) ੲ
   (*iv*) ਸ

### (ੲ) ਪਾਠ ਪੁਸਤਕਾਂ ਤੇ ਆਧਾਰਿਤ

1. 4-50 **ਸ਼ਬਦਾਂ ਦੇ ਉੱਤਰ**

**(ੳ) ਉੱਤਰ —** ਵਰਧਮਾਨ ਮਹਾਂਵੀਰ ਬਚਪਨੇ ਤੋਂ ਹੀ ਬਹਾਦਰ ਤੇ ਨਿਡਰ ਸਨ.......ਸ਼ਾਹੀ ਹਾਥੀ ਨੂੰ ਕਾਬੂ ਕਰਨਾ.......ਲੋਕਾਂ ਦਾ ਹੈਰਾਨ ਰਹਿ ਜਾਣਾ........ਹਾਥੀ ਨੂੰ ਆਰਾਮਗਾਹ ਲੈ ਜਾਣਾ........ਘਟਨਾ ਤੋਂ ਬਾਅਦ ਵੀਰ ਕਿਹਾ ਜਾਣਾ......

**(ਅ) ਉੱਤਰ —** ਸ਼੍ਵੇਤਾਂਬਰ ਪਰੰਪਰਾ ਅਨੁਸਾਰ ਪਹਿਲਾ ਉਪਦੇਸ਼ ਪਾਵਾਪੁਰੀ ਵਿਖੇ..........4400 ਸ਼ਿਸ਼ ਬਣ ਜਾਣੇ..........ਦਿਗੰਬਰ ਪਰੰਪਰਾ ਅਨੁਸਾਰ ਪਹਿਲਾ ਉਪਦੇਸ਼ ਵਿਪੁਲਾਦਨ ਵਿਖੇ...........

**(ੲ) ਉੱਤਰ —** ਬਚਪਨ ਤੋਂ ਜਾਤ-ਪਾਤ, ਪਸ਼ੂ-ਬਲੀ, ਛੂਆਛਾਤ, ਦਾਸ-ਪ੍ਰਥਾ ਨੂੰ ਵੇਖਣਾ........ਘਰ ਵਿੱਚ ਨਿਰਲੇਪ ਰਹਿਣਾ.......ਲੋਕਾਂ ਦੇ ਦੁੱਖਾਂ ਦੇ ਬਾਰੇ ਚਿੰਤਿਤ ਹੋਣਾ......

**(ਸ) ਉੱਤਰ —** ਬਾਰਾਂ ਸਾਲ ਘੋਰ ਤਪੱਸਿਆ ਕਰਨਾ........ਜੰਗਲੀ ਲੋਕਾਂ ਦੁਆਰਾ ਕਸ਼ਟ ਦੇਣਾ......ਸੰਗਮ ਨਾਂ ਦੇ ਦੇਵਤੇ ਵੱਲੋਂ ਤੰਗ ਕਰਨਾ.........ਸਾਢੇ ਬਿਆਲੀ ਸਾਲ ਦੀ ਉਮਰ ਵਿੱਚ ਗਿਆਨ ਦੀ ਪ੍ਰਾਪਤੀ........

(ਹ) **ਉੱਤਰ —** ਜੈਨ ਪਰੰਪਰਾ ਅਨੁਸਾਰ ਤੀਰਥੰਕਰ ਸਰਬ-ਉੱਚ ਅਵਸਥਾ ਵਾਲੇ........ਆਤਮਾ ਦੇ ਵਿਕਾਸ ਦੀ ਕੋਈ ਸੀਮਾ ਨਹੀਂ.....ਵਰਧਮਾਨ ਮਹਾਂਵੀਰ 24ਵੇਂ ਤੀਰਥੰਕਰ.......ਵਿਚਾਰਾਂ ਦਾ ਪ੍ਰਗਟਾ 'ਅਰਧਮਾਗਧੀ' ਭਾਸ਼ਾ ਵਿੱਚ.......

(**ਕ**) **ਉੱਤਰ —** ਨਿਊਯਾਰਕ ਦੀ ਔਰਤ ਨਾਲੋਂ ਪਿੰਡ ਦੀ ਔਰਤ ਜ਼ਿਆਦਾ ਸਿਆਣੀ.......ਤਜ਼ਰਬੇ ਨਾਲ ਦਾਲ ਸਬਜ਼ੀ ਬਣਾਉਣਾ......ਨਿਊਯਾਰਕ ਦੀ ਔਰਤ ਵੱਲੋਂ ਹਰ ਵਸਤੂ ਪੁਸਤਕਾਂ ਵਿੱਚੋਂ ਵੇਖ ਕੇ ਬਣਾਉਣੀ........

(**ਖ**) **ਉੱਤਰ —** ਨਿੰਮ ਦੀਆਂ ਡੰਡੀਆਂ ਰਾਹੀਂ ਮਿੱਤਰਾਂ ਤੋਂ ਨੁਕਸਾਨ ਨੂੰ ਬਚਾਉਣਾ..........ਲੋਕਾਂ ਦੀ ਆਦਤਾਂ ਛੁਡਾਉਣ ਦੀ ਕੋਸ਼ਿਸ਼........ਪੜ੍ਹੇ ਲਿਖੇ ਲੋਕਾਂ ਦੇ ਹੱਥਾਂ ਦੀ ਹਰਕਤ ਨੂੰ ਰੋਕਣਾ......ਇਸ ਲਈ ਨਿੰਮ ਦੀ ਡੰਡੀਆਂ ਦੀ ਵਰਤੋਂ ਕਰਨਾ......

(**ਗ**) **ਉੱਤਰ —** ਸਿਰਲੇਖ ਢੁੱਕਵਾਂ ਹੋਣਾ.......ਸਰੀਰ ਦੇ ਅੰਗਾਂ ਦਾ ਹਰਕਤ ਵਿੱਚ ਰਹਿਣਾ ਹੀ ਜ਼ਿੰਦਗੀ.......ਸ਼ਰੀਰ ਰੂਪੀ ਮਸ਼ੀਨ ਨੂੰ ਚੱਲਦੇ ਰੱਖਣਾ.......ਜ਼ਿੰਦਗੀ ਜਾਮ ਹੋਣ ਤੋਂ ਬਚੀ ਰਹੇ....

(**ਘ**) **ਉੱਤਰ —** ਬੁਨਿਆਦੀ ਅੰਤਰ ਹੋਣਾ.......ਕਾਰਜਾਂ ਅਤੇ ਕਰਤੱਵਾਂ ਵਿੱਚੋਂ ਉਪਜਣਾ........ਸ਼ਾਂਤੀ ਦੀ ਲੋੜ.........ਆਤਮ ਵਿਸ਼ਵਾਸ ਦੀ ਨੁਮਾਇਸ਼ ਨਾ ਕਰਨਾ..........ਲੁਕਾ ਕੇ ਰੱਖਣਾ.........

(**ਙ**) **ਉੱਤਰ —** ਉਤਸ਼ਾਹ ਨਾਲ ਹਾਰ ਨੂੰ ਜਿੱਤ ਵਿੱਚ ਬਦਲਣਾ...........ਉਸਾਰੀ ਸੋਚ ਨਾਲ ਸੰਭਵ...ਉਸਾਰੂ ਤੇ ਚੰਗੀ ਸੋਚ ਨਾਲ ਦੂਜਿਆਂ ਨੂੰ ਈਮਾਨਦਾਰ ਬਣਾਉਣਾ............

2. 100-125 **ਸ਼ਬਦਾਂ ਦੇ ਉੱਤਰ**

1. **ਉੱਤਰ —** ਇਹ ਵਿਅੰਗ ਲਾਲਾ ਕਿਰਪਾ ਰਾਮ ਦੁਆਰਾ.............ਨੀਂਦ ਦੀ ਦੁਆਈ ਕਰਕੇ ਦੇਰੀ ਨਾਲ ਉੱਠਣਾ..........ਬਿਨਾਂ ਜਾਂਚ ਪੜਤਾਲ ਦੇ ਮੁਰਦਾ ਘੋਸ਼ਿਤ ਕਰਨਾ...........ਰਾਸ਼ਨ ਦਾ ਲਿਆਉਣਾ..........ਲਾਲਾ ਜੀ ਦਾ ਨੀਂਦ ਵਿੱਚੋਂ ਜਾਗਣਾ.......ਸਾਰਿਆਂ ਨੂੰ ਹਫ਼ੜਾ ਦਫੜੀ ਪੈਣੀ.........ਸੰਦੂਕੜੀ ਸੰਭਾਲਣ ਵਿੱਚ ਲੱਗ ਜਾਣਾ.......ਦਰੋਗਾ ਦੀ ਕਿਸੇ ਗੱਲ ਦਾ ਜੁਆਬ ਨਾ ਹੋਣਾ.......

*ਜਾਂ*

**ਪਾਤਰ ਉਸਾਰੀ—**

**ਦਿਓਕੀ**---ਨਾਟਕ ਦਾ ਮੁੱਖ ਪਾਤਰ.......ਪਤਨੀ, ਬੱਚਿਆਂ ਦੀ ਮਾਂ.....ਘਰ ਦੀ ਤੰਗੀ ਤੋਂ ਪਰੇਸ਼ਾਨ......ਨਖਰੀਲੀ, ਕਾਹਲੇ ਸੁਭਾਅ ਵਾਲੀ......ਸਮਾਜ ਵਿੱਚ ਇੱਜ਼ਤ ਬਚਾਉਣ ਵਾਲੀ.......

**ਨਰਾਇਣ—** ਇਕਾਂਗੀ ਦਾ ਮੁੱਖ ਪਾਤਰ.......ਪਰਿਵਾਰਕ ਜਿੰਮੇਵਾਰੀ ਪ੍ਰਤੀ ਚੇਤੰਨ.......ਗਰੀਬ ਪਰ ਅਗਾਂਹ ਵਧੂ ਸੋਚ..... ਰਾਸ਼ਨ ਕਾਰਡ ਲਈ ਦਰੋਗੇ ਦੀ ਜੀ ਹਜੂਰੀ.......ਪਤਨੀ ਦੀ ਗੱਲ ਅਨੁਸਾਰ ਚੱਲਣ ਵਾਲਾ......ਪਿਤਾ ਤੇ ਭਰਾ ਨੂੰ ਪਿਆਰ ਕਰਨ ਵਾਲਾ.....ਇੱਜ਼ਤ ਖਤਰੇ ਵਿੱਚ ਪੈਣ ਤੇ ਘਬਰਾ ਜਾਣਾ.........

ਰਾਜ — ਇਕਾਂਗੀ ਦਾ ਪਾਤਰ......ਨਿਖੱਟੂ......ਅਵਾਰਾ..........ਘਰ ਵਕਤ-ਬੇਵਕਤ ਆਉਣ ਵਾਲਾ.......ਪਿਤਾ ਦੀ ਮੌਤ ਤੇ ਉਸਦੇ ਪੈਸੇ ਚੁਰਾਉਣ ਦੀ ਭਾਵਨਾ........ਗੈਰ ਜਿੰਮੇਵਾਰਾ ਸੁਭਾਅ.......

2. **ਉੱਤਰ —** ਕਵਿਤਾ ਵਿੱਚ ਮਨੁੱਖੀ ਸੁਭਾਅ ਦਾ ਬਿਆਨ ਕਰਨਾ.............ਖਾਲੀ ਗਿਆਨ ਨਾਲ ਪੰਡਤ ਅਖਵਾਉਣਾ.........ਹੰਕਾਰੀ ਬਣ ਜਾਣਾ.........ਗੁਰੂ ਦੇ ਸਾਮਨੇ ਜਾਣਾ...........ਸ਼ਰਮਿੰਦਗੀ ਸਹਿਣਾ.......ਸੱਚੇ ਗੁਰੂ ਦੀ ਵਿੱਦਿਆ ਰਾਹੀਂ ਆਪਣਾ ਮਨ ਚਮਕਾਉਣਾ..........ਚੰਗਾ ਤੇ ਨੇਕ ਇਨਸਾਨ ਬਣਨਾ.........

*ਜਾਂ*

**ਉੱਤਰ—** ਮਨ ਵਿੱਚ ਚੰਗੀ ਉਮੀਦ ਜਗਾਉਣਾ.........ਕੰਮ ਕਰਨ ਲਈ ਪ੍ਰੇਰਿਤ ਕਰਨਾ........ਬੇਕਾਰ ਦੀ ਰਸਮੋਂ ਰਿਵਾਜਾਂ ਨੂੰ ਛੱਡਣਾ........ਸਮੇਂ ਦੇ ਅਨੁਸਾਰ ਚੱਲਣਾ.........ਸਾਰਿਆਂ ਨੂੰ ਇੱਕ ਸਮਾਨ ਸਮਝਣਾ.........ਸਭ ਨੂੰ ਏਕਤਾ ਦੇ ਮਾਰਗ ਤੇ ਚੱਲਣ ਲਈ ਕਹਿਣਾ......

3. **ਇੱਕ ਵਾਕ ਵਾਲੇ**

1. (ੳ) **ਉੱਤਰ** — ਤਾਰਾ ਸਿੰਘ ਕਾਮਲ

(ਅ) **ਉੱਤਰ** — ਪੇਕੇ ਘਰ ਤੋਂ

(ੲ) **ਉੱਤਰ** — ਭੈਣ ਲਈ ਤੰਦਰੁਸਤੀ ਦੀ ਪ੍ਰਾਰਥਨਾ

(ਸ) **ਉੱਤਰ** — ਨਵੀਨ ਆਸ

(ਹ) **ਉੱਤਰ** — ਮਾਂ ਬੋਲੀ ਦੇ ਰੂਪ ਵਿੱਚ

2. 40-50 **ਸ਼ਬਦਾਂ ਵਿੱਚ**

1. (ੳ) **ਉੱਤਰ** — ਬਿਲਕੁਲ ਵੀ ਉੱਚਿਤ ਨਾ ਹੋਣਾ........ਉਸ ਉੱਤੇ ਸ਼ੱਕ ਕਰਨਾ........ਲੋਕਾਂ ਦੀ ਗੱਲਾਂ ਵਿੱਚ ਆ ਜਾਣਾ......ਔਰਤ ਤੇ ਜ਼ੁਲਮ ਕਰਨਾ.....

(ਅ) **ਉੱਤਰ** — ਗੁਲਬਾਨੋ ਨੂੰ ਕੈਦ ਵਿੱਚ ਰੱਖਣਾ........ਉਸ ਦੀ ਤੁਲਨਾ ਕੈਦ ਵਿੱਚ ਪਏ ਪੰਛੀ ਨਾਲ ਕਰਨਾ........ਗੁਲਬਾਨੋ ਤੇ ਗੱਲ ਪੂਰੀ ਤਰਾਂ ਢੁੱਕਣਾ.......

(ੲ) **ਉੱਤਰ** — ਪਿੰਡ ਅੰਦਰ ਉਸ ਦਾ ਕੋਈ ਨਾ ਰਹਿਣ ਵਾਲਾ.......ਸ਼ਹਿਰ ਵਿੱਚ ਹੱਥਾਂ ਨਾਲ ਕੰਮ ਕਰਨ ਨੂੰ ਨਾ ਮਿਲਣਾ.......ਇੱਕਲਾਪਨ ਹਾਵੀ ਹੋਣਾ........ਲੋਕਾਂ ਤੇ ਨਜਰਸਾਣੀ ਕਰਨ ਨੂੰ ਬੇਕਾਰ ਦਾ ਕੰਮ ਸਮਝਣਾ.........

(ਸ) **ਉੱਤਰ** — ਕੰਮ ਕਰਨਾ ਕਿਸਮ ਵਾਲਿਆਂ ਨੂੰ ਮਿਲਣਾ........ਕੰਮ ਕਰਨ ਨਾਲ ਸਰੀਰ ਦਾ ਤੰਦਰੁਸਤ ਰਹਿਣਾ........ਦੇਵਤਿਆਂ ਦਾ ਵੀ ਕੰਮ ਕਰਨ ਨੂੰ ਤਰਸਣਾ..........ਪਸੀਨੇ ਨਾਲ ਗੰਦਗੀ ਦਾ ਬਾਹਰ ਨਿਕਲਣਾ......

(ਹ) **ਉੱਤਰ** — ਜਵਾਈ ਦਾ ਮਨ ਕੰਮ ਨਾਲ ਜਿੱਤਣਾ............ਈਮਾਨਦਾਰੀ ਨਾਲ ਕੰਮ ਕਰਨਾ.........ਮਨ ਦੀ ਸ਼ਾਂਤੀ ਪ੍ਰਾਪਤ ਨਾ ਹੋਣਾ.........ਸੁੱਖ ਨਾ ਹਾਸਲ ਹੋਣਾ.........ਉਦਾਸੀ ਭਰਿਆ ਮਨ..........

## ਲਿਖਣ ਕੌਸ਼ਲ —

ਆਪਣੀ ਸ਼ਬਦਾਵਲੀ ਵਿੱਚ ਪ੍ਰਗਟਾ ਕਰਨਾ.............